# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸ਼ੁੱਕਰਵਾਰ ਮਿਤੀ 30 ਅਗਸਤ, 2013 ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਸ. ਅਜੀਤ ਸਿੰਘ
3. ਡਾ. ਅਮਰਜੀਤ ਸਿੰਘ ਸਿੱਧੂ
4. ਅਰੂਪ੍ਰਿਆ ਸੀਨ
5. ਅਜੈ ਕੁਮਾਰ
6. ਡਾ. ਬਲਵਿੰਦਰ ਸਿੰਘ, ਕੈਮਿਸਟਰੀ ਵਿਭਾਗ
7. ਸ. ਬਲਵਿੰਦਰ ਸਿੰਘ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ
8. ਡਾ. ਚਰਨਜੀਤ ਸਿੰਘ ਬੱਲ
9. ਡਾ. ਗੁਰਦੇਵ ਸਿੰਘ ਘੁੰਮਣ,
   ਡੀ.ਪੀ.ਆਈ. ਕਾਲਜਾਂ(ਪੰਜਾਬ)
10. ਡਾ. ਡੀ. ਐਨ. ਜੌਹਰ
11. ਡਾ. ਡੈਰਿਕ ਏਂਜਲਜ਼
12. ਡਾ. ਦਲਜੀਤ ਸਿੰਘ
13. ਡਾ. ਜੇ. ਐਸ. ਢਿੱਲੋਂ
14. ਡਾ.(ਮਿਸਿਜ਼) ਜਸਮੀਤ ਸੰਧੂ
15. ਡਾ. ਜੋਤੀ ਬਿੰਦਰਾ
16. ਸ. ਜਗਦੀਸ਼ ਸਿੰਘ
17. ਸ. ਜਤਿੰਦਰ ਸਿੰਘ ਬੱਗਾ
18. ਸ਼੍ਰੀ ਜੈਦੀਪ ਸਿੰਘ
19. ਜਸਮੀਨ ਕੌਰ
20. ਸ. ਕੇ. ਐਸ. ਰੇਖੀ, ਐਡਵੋਕੇਟ
21. ਸ਼੍ਰੀ ਕਮਲਪਾਲ ਸਿੰਘ ਰੰਧਾਵਾ
22. ਡਾ. ਐਮ.ਐਸ. ਹੁੰਦਲ,
    ਡੀਨ, ਅਕਾਦਮਿਕ ਮਾਮਲੇ
23. ਡਾ. ਮਹਿਮੂਦ ਮੀਆਂ
24. ਡਾ. ਨੀਨਾ ਰੋਜੀ ਕਾਹਲੋਂ
25. ਸ. ਨਾਨਕ ਸਿੰਘ

26. ਨੇਹਾ ਭਾਰਤੀ
27. ਨਿਸ਼ਠਾ ਮਹਿਰਾ
28. ਡਾ. ਪੀ.ਕੇ. ਸਹਿਜਪਾਲ
29. ਡਾ. ਪਰਮਜੀਤ ਕੌਰ
30. ਡਾ. ਰਾਏ ਜਸਬੀਰ ਸਿੰਘ
31. ਰਾਜਵੀਰ ਕੌਰ
32. ਸ਼੍ਰੀਮਤੀ ਰਵਨੀਤ ਕੌਰ,
    ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ
33. ਡਾ. ਸੁਖਦੇਵ ਸਿੰਘ
34. ਡਾ. ਸੁਲੱਖਣ ਸਿੰਘ
35. ਡਾ. ਸੁਖਦੇਵ ਸਿੰਘ ਖਾਹਰਾ
36. ਡਾ. ਐਸ. ਐਸ. ਜੋਹਲ,
37. ਸ. ਜੋਰਾਵਰ ਸਿੰਘ
38. ਡਾ. ਇੰਦਰਜੀਤ ਸਿੰਘ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ 'ਤੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।ਉਪ-ਕੁਲਪਤੀ ਸਾਹਿਬ ਨੇ ਸ਼੍ਰੀਮਤੀ ਰਵਨੀਤ ਕੌਰ, ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਦਾ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ ਲਈ ਵਿਸ਼ੇਸ ਤੌਰ 'ਤੇ ਸੁਆਗਤ ਕੀਤਾ।

ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੇ ਪੁਰਾਣੇ ਮੈਂਬਰ ਸਾਹਿਬਾਨ - ਡਾ. ਰਜਿੰਦਰਜੀਤ ਕੌਰ, ਡਾ. ਸੁਖਦੇਵ ਸਿੰਘ ਸੋਹਲ, ਡਾ. ਕੁਲਦੀਪ ਸਿੰਘ, ਡਾ. ਨੀਲਮ ਸੇਠੀ ਅਤੇ ਸ. ਵਰਿਆਮ ਸਿੰਘ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਵਡਮੁੱਲੇ ਸੁਝਾਅ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਨਵੀਂ ਸੈਨੇਟ ਉਤੇ ਡਾ. ਐਮ.ਐਸ. ਹੁੰਦਲ, ਡਾ. ਡੈਰਿਕ ਏਂਜਲਜ਼, ਡਾ.(ਮਿਸਿਜ਼) ਜਸਮੀਤ ਸੰਧੂ, ਫਾ. ਡਾ. ਏ. ਜੇ. ਜੋਰਜ਼, ਡਾ. ਜੋਤੀ ਬਿੰਦਰਾ, ਸ. ਪਰਗਟ ਸਿੰਘ, ਐਮ.ਐਲ.ਏ., ਸ. ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ., ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ, ਅਰੂਪ੍ਰਿਆ ਸੀਨ, ਅਜੈ ਕੁਮਾਰ, ਜਸਮੀਨ ਕੌਰ, ਨੇਹਾ ਭਾਰਤੀ, ਰਾਜਵੀਰ ਕੌਰ ਅਤੇ ਨਿਸ਼ਠਾ ਮਹਿਰਾ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਇਸ ਯੂਨੀਵਰਸਿਟੀ ਨੇ ਮਾਕਾ ਟਰਾਫੀ 2010-11 ਜਿੱਤ ਲਈ ਹੈ। ਪਹਿਲਾਂ ਇਹ ਟਰਾਫੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਮਿਲੀ ਸੀ। ਇਸ ਵਿਰੁੱਧ ਦਿੱਲੀ ਹਾਈ ਕੋਰਟ ਵਿਚ ਕੇਸ ਦਾਇਰ ਕੀਤਾ ਗਿਆ ਜੋ ਕਿ 2 ਸਾਲ ਤੱਕ ਚਲਦਾ ਰਿਹਾ। ਭਾਰਤ ਦੇ ਰਾਸ਼ਟਰਪਤੀ ਵੱਲੋਂ ਮਿਤੀ 31.8.2013 ਨੂੰ ਮਾਕਾ ਟਰਾਫੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਪਰਦਾਨ ਕੀਤੀ ਜਾਵੇਗੀ।ਸਾਡੀ ਟੀਮ ਮਾਣਯੋਗ ਰਾਸ਼ਟਰਪਤੀ ਜੀ ਤੋਂ ਇਹ ਟਰਾਫੀ ਪ੍ਰਾਪਤ ਕਰੇਗੀ।ਇਸ ਯੂਨੀਵਰਸਿਟੀ ਨੇ ਪਿਛਲੇ ਸਾਲ potential for excellence ਦਾ ਅਵਾਰਡ ਪ੍ਰਾਪਤ ਕੀਤਾ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਨੁਸਾਰ ਇਹ ਯੂਨੀਵਰਸਿਟੀ ਭਾਰਤ ਦੀਆਂ 15 ਯੂਨੀਵਰਸਿਟੀਆਂ ਵਿਚੋਂ ਗਿਆਰਵੇਂ ਸਥਾਨ 'ਤੇ ਹੈ। ਭਾਰਤ ਦੇ ਨਾਰਥ ਜੋਨ ਦੀਆਂ ਯੂਨੀਵਰਸਿਟੀਆਂ ਵਿਚੋਂ ਇਸ ਯੂਨੀਵਰਸਿਟੀ ਦਾ ਦੂਜਾ ਸਥਾਨ ਹੈ। DST ਨੇ ਸੁਫਿਸਟੀਕੇਟਿਡ ਇਕੁਪਮੈਂਟ ਖਰੀਦਣ ਵਾਸਤੇ 9 ਕਰੋੜ ਰੁਪਏ ਦੀ ਗ੍ਰਾਂਟ ਪਰਦਾਨ ਕੀਤੀ । ਯੂ.ਜੀ.ਸੀ. ਵੱਲੋਂ 26 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਗਈ ਜਿਸ ਵਿਚੋਂ 10 ਕਰੋੜ ਰੁਪਏ ਦੀ ਰਾਸ਼ੀ ਪੀਐਚ.ਡੀ. ਖੋਜ ਲਈ ਸੀ। ਡਾਲਰ ਦੀ ਕੀਮਤ ਦਿਨੋਂ ਦਿਨ ਵਧਦੀ ਜਾ ਰਹੀ ਹੈ, ਜਿਸ ਕਾਰਨ ਸੋਫਿਸਟੀਕੇਟਡ ਇਕੂਪਮੈਂਟਸ ਖਰੀਦਣ ਲਈ ਯੂਨੀਵਰਸਿਟੀ ਉਤੇ 3 ਕਰੋੜ ਰੁਪਏ ਦਾ ਵਾਧੂ ਭਾਰ ਪਵੇਗਾ। ਇਹ ਪਹਿਲੀ ਯੂਨੀਵਰਸਿਟੀ ਹੈ, ਜਿਸ ਨੇ ਵੱਖ-ਵੱਖ ਕੋਰਸਾਂ ਦੇ ਦਾਖਲੇ, ਕਾਊਂਸਲਿੰਗ, ਪ੍ਰੀਖਿਆਵਾਂ ਲਈ ਫਾਰਮ, ਰਿਜ਼ਲਟ ਆਦਿ ਦਾ ਸਾਰਾ ਕੰਮ ਆਨ-ਲਾਈਨ ਕਰ ਦਿੱਤਾ ਹੈ। ਓ.ਐਮ.ਆਰ. ਸ਼ੀਟ ਦੀ ਮੁਲਾਂਕਣ ਲਈ ਵਰਤੋਂ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਨਾਲ ਸਬੰਧਤ ਹਰ ਇਕ ਤਰ੍ਹਾਂ ਦੀ ਜਾਣਕਾਰੀ ਇੰਟਰਨੈਟ ਉਤੇ ਮੁਹੱਈਆ ਕੀਤੀ ਜਾਵੇਗੀ। ਇਸ ਅਕਾਦਮਿਕ ਸੈਸ਼ਨ ਤੋਂ ਐਜੂਕੇਸ਼ਨ ਵਿਭਾਗ ਸ਼ੁਰੂ ਕੀਤਾ ਗਿਆ ਹੈ ਅਤੇ ਐਮ.ਐਡ. ਕਲਾਸ ਲਈ ਦਾਖਲੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਵਿਚ ਉਪ-ਕੁਲਪਤੀ ਵਜੋਂ ਜਾਇੰਨ ਕੀਤਾ ਉਸ ਸਮੇਂ ਵਿਦਿਆਰਥੀਆਂ ਦੀ ਗਿਣਤੀ 9000 ਸੀ। ਪਿਛਲੇ ਸਾਲ ਇਹ ਗਿਣਤੀ ਵਧ ਕੇ 17000 ਹੋ ਗਈ ਅਤੇ ਹੁਣ 20000 ਤੋਂ ਵੱਧ ਵਿਦਿਆਰਥੀ ਹਨ। ਸਾਡੇ ਕੋਲ 1000 ਪੀਐਚ.ਡੀ. ਵਿਦਿਆਰਥੀ ਹਨ। ਪਿਛਲੇ ਸਾਲਾਂ ਵਿਚ ਯੂਨੀਵਰਸਿਟੀ ਨੇ ਬਹੁਤ ਤਰੱਕੀ ਕੀਤੀ ਹੈ। ਯੂਨੀਵਰਸਿਟੀ ਦੀ 39ਵੀਂ ਕਨਵੋਕੇਸ਼ਨ ਤੇ 180 ਵਿਦਿਆਰਥੀਆਂ

ਨੂੰ ਪੀਐਚ.ਡੀ. ਡਿਗਰੀਆਂ ਪਰਦਾਨ ਕੀਤੀਆਂ ਗਈਆਂ। 30 ਕਰੋੜ ਰੁਪਏ ਯੂ.ਜੀ.ਸੀ. ਨੇ ਪ੍ਰੋਜੈਕਟ ਲਈ ਦਿੱਤੇ ਹਨ। ਯੂਨੀਵਰਸਿਟੀ ਰਿਜਨਲ ਕੈਂਪਸ ਸਠਿਆਲਾ ਵਿਖੇ ਬਿਲਡਿੰਗ ਦਾ ਕੰਮ ਉਸਾਰੀ ਅਧੀਨ ਹੈ, ਜੋ ਜਲਦੀ ਹੀ ਮੁਕੰਮਲ ਹੋ ਜਾਵੇਗਾ।ਸੁਲਤਾਨਪੁਰ ਲੋਧੀ ਕੈਂਪਸ , ਫੱਤੂ ਢੀਂਗਾ ਦੀ ਬਿਲਡਿੰਗ ਉਸਾਰੀ ਅਧੀਨ ਹੈ, ਜੋ ਅਗਲੇ ਸਾਲ ਤੱਕ ਮੁਕੰਮਲ ਹੋ ਜਾਵੇਗੀ।ਯੂਨੀਵਰਸਿਟੀ ਕੈਂਪਸ ਵਿਚ ਗਰਲਜ਼ ਹੋਸਟਲ ਬਣਾਏ ਗਏ ਹਨ। 2 ਬਲਾਕ ਵਿਦਿਆਰਥੀਆਂ ਨਾਲ ਭਰ ਚੁਕੇ ਹਨ। ਹੋਸਟਲਾਂ ਵਿਚ 2500 ਵਿਦਿਆਰਥਣਾਂ ਨੂੰ ਰਿਹਾਇਸ਼ ਦਿੱਤੀ ਜਾ ਸਕਦੀ ਹੈ।ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਹੋ ਰਹੀ ਹੈ, ਜੋ ਅਗਲੇ ਸਾਲ ਤੱਕ ਮੁਕੰਮਲ ਹੋ ਜਾਵੇਗੀ। ਪਿਛਲੇ ਸਾਲ ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ ਵਿਦਿਆਰਥੀਆਂ ਦੀ ਗਿਣਤੀ 2000 ਸੀ, ਜੋ ਕਿ ਇਸ ਸਾਲ 2800 ਹੋ ਗਈ ਹੈ। ਯੂਨੀਵਰਸਿਟੀ ਕਾਲਜ, ਜਲੰਧਰ ਉਤੇ ਵੀ ਖਰਚਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਇਹ ਦੱਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਪਿਛਲੇ ਸਾਲ ਯੂਨੀਵਰਸਿਟੀ ਨੇ ਬਹੁਤ ਤਰੱਕੀ ਕੀਤੀ ਹੈ। ਯੂਨੀਵਰਸਿਟੀ ਦੀ ਬਿਹਤਰੀ ਲਈ ਉਨ੍ਹਾਂ ਸਮੂਹ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰ ਸਾਹਿਬਾਨ ਦਾ ਬਹੁਮੁੱਲੇ ਯੋਗਦਾਨ ਅਤੇ ਸਲਾਹ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਹਰ ਸਾਲ 36 ਕਰੋੜ ਰੁਪਏ ਦੀ ਗ੍ਰਾਂਟ ਦਿੰਦੀ ਹੈ। 85% ਆਮਦਨ ਯੂਨੀਵਰਸਿਟੀ ਵੱਲੋਂ ਆਪਣੇ ਸਾਧਨਾਂ ਤੋਂ ਪੈਦਾ ਕੀਤੀ ਜਾਂਦੀ ਹੈ। ਪਿਛਲੇ ਦੋ ਸਾਲਾਂ ਤੋਂ ਟਿਊਸ਼ਨ ਫੀਸ ਨਹੀਂ ਵਧਾਈ ਗਈ। ਅਪਾਹਿਜ ਵਿਦਿਆਰਥੀਆਂ ਨੂੰ ਫੀਸ ਵਿਚ ਛੋਟ ਦਿੱਤੀ ਜਾ ਰਹੀ ਹੈ ਅਤੇ ਐਸ.ਸੀ./ਐਸ.ਟੀ. ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਪਰਦਾਨ ਕੀਤੀ ਜਾ ਰਹੀ ਹੈ।ਯੂਨੀਵਰਸਿਟੀ ਵੱਲੋਂ ਗਰੀਬ ਵਰਗ ਦੀ ਹਰ ਪੱਖ ਤੋਂ ਮਦਦ ਕਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 8.3.2013 ਅਤੇ 13.3.2013 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 8.3.2013 ਅਤੇ 13.3.2013 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 8.3.2013 ਅਤੇ 13.3.2013 ਦੇ ਨਿਰਣਿਆਂ ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 8.3.2013 ਅਤੇ 13.3.2013 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾਵਾਂ** ਅਨੁਸਾਰ) ਨੋਟ ਕੀਤੀ ਗਈ।

**ਸੈਨੇਟ ਦੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 14(1) ਦੀ ਧਾਰਾ (viii) ਅਧੀਨ ਮਿਤੀ 1.7.2013 ਤੋਂ 30.6.2014 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਸਬੰਧੀ-

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2013 ਤੋਂ 30.6.2014 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਯੂਨੀਵਰਸਿਟੀ ਦੀ 43ਵੀਂ ਸਾਲਾਨਾ ਰਿਪੋਰਟ ਦੀ ਪਰਵਾਨਗੀ।**

4. ਸਾਲ 2012 ਲਈ ਯੂਨੀਵਰਸਿਟੀ ਦੀ 43ਵੀਂ ਸਾਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ 2012 ਦੇ ਵਰ੍ਹੇ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਕੌਮੀ ਪੱਧਰ ਉਤੇ ਅਕਾਦਮਿਕ, ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿਚ ਸਫਲਤਾ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਿਆ। ਇਸ ਵਰ੍ਹੇ ਵਿਚ ਪੇਂਡੂ ਪੱਛੜੇ ਇਲਾਕਿਆਂ ਵਿਚ ਉਚੇਰੀ ਸਿਖਿਆ ਨੂੰ ਫੈਲਾਉਣ ਲਈ ਕਈ ਮਹੱਤਵਪੂਰਨ ਫੈਸਲੇ ਲਏ ਗਏ । ਇਸ ਸਾਲਾਨਾ ਰਿਪੋਰਟ ਵਿਚ ਅਕਾਦਮਿਕ ਖੇਤਰ, ਖੋਜ ਅਤੇ ਨਾਨ-ਟੀਚਿੰਗ ਵਿਭਾਗਾਂ ਦੀਆਂ ਗਤੀਵਿਧੀਆਂ ਬਾਰੇ ਸੰਖੇਪ ਵੇਰਵਾ ਪੇਸ਼ ਕੀਤਾ ਜਾ ਰਿਹਾ ਹੈ।

ਉਪ-ਕੁਲਪਤੀ ਪ੍ਰੋਫੈਸਰ ਅਜਾਇਬ ਸਿੰਘ ਬਰਾੜ ਹੋਰਾਂ ਦੀ ਵਿਗਿਆਨਕ ਅਤੇ ਦੂਰ ਦ੍ਰਿਸ਼ਟੀ ਕਰਕੇ ਯੂਨੀਵਰਸਿਟੀ ਨੇ ਹਰ ਖੇਤਰ ਵਿਚ ਸਲਾਘਾਯੋਗ ਤਰੱਕੀ ਕੀਤੀ ਹੈ। ਕਈ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਵਿਦਿਆਰਥੀਆਂ ਦੀ ਮੰਗ ਨੂੰ ਸਾਹਮਣੇ ਰੱਖ ਕੇ ਕੁਝ ਵਿਸ਼ੇਸ਼ ਕੋਰਸਾ ਵਿਚ ਸੀਟਾਂ ਦੀ ਗਿਣਤੀ ਵਧਾ ਦਿਤੀ ਗਈ ਹੈ।

ਅੰਤਰ-ਰਾਸ਼ਟਰੀ ਪੱਧਰ ਉਤੇ ਮਾਂ ਬੋਲੀ ਪੰਜਾਬੀ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਮੋਹਰੀ ਭੂਮਿਕਾ ਨਿਭਾਈ ਹੈ। ਇਹ ਪੰਜਾਬ ਦੀ ਪਹਿਲੀ ਯੂਨੀਵਰਸਿਟੀ ਹੈ ਜਿਸ ਨੇ ਅੰਡਰ ਗ੍ਰੈਜੂਏਟ ਕਲਾਸਾਂ ਵਿਚ ਗੈਰ ਪੰਜਾਬੀ ਵਿਦਿਆਰਥੀਆਂ ਲਈ ਮੁੱਢਲੀ ਪੰਜਾਬੀ ਦੀ ਪੜਾਈ ਦਾ ਆਰੰਭ ਕੀਤਾ । ਇਹ ਪੜ੍ਹਾਈ ਉਹਨਾਂ ਵਿਦਿਆਰਥੀਆਂ ਲਈ ਵੀ ਲਾਜ਼ਮੀ ਹੈ ਜਿਨ੍ਹਾਂ ਨੇ ਪੰਜਾਬੀ ਦਾ ਵਿਸ਼ਾ ਦਸਵੀ ਜਮਾਤ ਵਿਚ ਨਹੀਂ ਪੜ੍ਹਿਆ । ਇਸ ਫੈਸਲੇ ਨਾਲ ਪੰਜਾਬੀ ਭਾਸ਼ਾ ਦੀ ਤਰੱਕੀ ਤਾਂ ਹੋਵੇਗੀ ਹੀ, ਇਸ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਪੰਜਾਬ ਵਿਚ ਨੌਕਰੀਆਂ ਮਿਲਣ ਦੇ ਮੌਕੇ ਵੀ ਮਿਲਣਗੇ।

ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਧਰਮਾਂ ਬਾਰੇ ਖੋਜ ਨੂੰ ਉਚੇਚੇ ਤੋਰ ਉਤੇ ਉਤਸ਼ਾਹਿਤ ਕੀਤਾ ਹੈ ।ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮਨੁੱਖੀ ਸੰਸਾਧਨ ਮੰਤਰਾਲੇ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਮਿਲੀ ਸਹਾਇਤਾ 47.05 ਕਰੋੜ ਰੁਪਏ ਦੀ ਲਾਗਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੀ ਸਥਾਪਨਾ ਕੀਤੀ ਜਾ ਰਹੀ ਹੈ । ਇਸ ਕੇਂਦਰ ਵਿਚ ਅਧਿਆਪਕ ਅਤੇ ਖੋਜ ਵਿਦਿਆਰਥੀ ਧਰਮ ਅਧਿਐਨ ਦੇ ਵੱਖ ਵੱਖ ਖੇਤਰਾਂ ਵਿਚ ਡੂੰਘੀ ਖੋਜ ਵਿਚ ਲੱਗੇ ਹੋਏ ਹਨ। ਇਸ ਨਾਲ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਅੰਤਰ ਰਾਸ਼ਟਰੀ ਪੱਧਰ ਉਤੇ ਪ੍ਰਸਾਰਣ ਵਿਚ ਮਦਦ ਮਿਲੇਗੀ ।

ਯੂਨੀਵਰਸਿਟੀ ਦੀ 39ਵੀਂ ਸਾਲਾਨਾ ਕਾਨਵੋਕੇਸ਼ਨ ਦੇ ਮੌਕੇ ਉਤੇ ਇੰਨਫੋਸਿਸ ਟੈਕਨਾਲੋਜੀ ਲਿਮਟਿਡ, ਬੈਂਗਲੋਰ ਦੇ ਚੇਅਰਮੈਨ ਐਮਰਾਇਟਸ ਸ੍ਰੀ ਐਨ.ਆਰ. ਨਰਾਇਨਾ ਮੂਰਤੀ ਜੀ ਨੂੰ ਡਾਕਟਰ ਆਫ ਸਾਇੰਸ ਦੀ ਆਨਰੇਰੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਯੂਨੀਵਰਸਿਟੀ ਦੇ 43ਵੀਂ ਸਥਾਪਨਾ ਦਿਵਸ ਦੇ ਮੌਕੇ ਉਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ, ਨਵੀ ਦਿਲੀ ਦੇ ਚੇਅਰਮੈਨ ਪ੍ਰੋਫੈਸਰ ਦੇਵ ਪ੍ਰਕਾਸ਼ ਅਗਰਵਾਲ ਨੇ ਬਹੁਤ ਹੀ ਮੁੱਲਵਾਨ ਭਾਸ਼ਨ ਦਿੱਤਾ। ਇਸ ਮੋਕੇ ਉਤੇ ਯੂਨੀਵਰਸਿਟੀ ਦੇ ਸਾਬਕਾ ਉਪ-ਕੁਲਪਤੀ ਪ੍ਰੋਫੈਸਰ ਜੇ. ਐਸ. ਗਰੇਵਾਲ ਅਤੇ ਨਾਰਥ ਮਿਸ਼ੀਗਨ ਯੂਨੀਵਰਸਿਟੀ, ਅਮਰੀਕਾ ਦੇ ਪ੍ਰੋਫੈਸਰ ਜਸਪਾਲ ਕੌਰ ਸਿੰਘ ਨੇ ਵੀ ਆਪਣੇ ਵੱਡਮੁਲੇ ਵਿਚਾਰ ਰੱਖੇ।

ਇਸ ਵਰ੍ਹੇ ਹੋਰ ਬਹੁਤ ਸਾਰੇ ਮਹੱਤਵ ਪੂਰਨ ਪ੍ਰੋਗਰਾਮਾਂ ਦੇ ਨਾਲ ਨਾਲ ਸਫਲਤਾ ਪੂਰਵਕ ਕੌਮੀ ਸੈਮੀਨਾਰਾਂ ਦਾ ਆਯੋਜਨ ਵੀ ਕੀਤਾ ਗਿਆ।ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ, ਰਿਜ਼ਨਲ ਕੈਂਪਸਾਂ ਅਤੇ ਕਾਲਜਾਂ ਵਿਚ 20,000 ਤੋਂ ਵੱਧ ਵਿਦਿਆਰਥੀ ਮਿਆਰੀ ਸਿੱਖਿਆ ਹਾਸਲ ਕਰ ਰਹੇ ਹਨ । ਯੂਨੀਵਰਸਿਟੀ ਦੇ ਅਧਿਕਾਰ ਖੇਤਰ ਅਧੀਨ 148 ਕਾਲਜ ਅਤੇ ਡਿਸਟੈਂਸ ਐਜੂਕੇਸ਼ਨ ਦੀਆਂ 71 ਹੋਰ ਸੰਸਥਾਵਾਂ ਕੰਮ ਕਰ ਰਹੀਆਂ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਪ੍ਰਾਂਤ ਦੀ ਪਹਿਲੀ ਯੂਨੀਵਰਸਿਟੀ ਹੈ, ਜਿਸ ਨੇ ਵੱਖ ਵੱਖ ਕੋਰਸਾਂ ਦੇ ਦਾਖਲੇ ਅਤੇ ਕੋਸਲਿੰਗ ਨੂੰ ਇਸ ਅਕਾਦਮਿਕ ਵਰ੍ਹੇ ਤੋਂ ਆਨ-ਲਾਈਨ ਕਰ ਦਿੱਤਾ ਹੈ। ਇਹ ਦਾਖਲੇ ਮੈਰਿਟ ਦੇ ਅਧਾਰ ਉਤੇ ਕੀਤੇ ਜਾਂਦੇ ਹਨ। ਇਮਤਿਹਾਨਾਂ ਦੇ ਨਤੀਜੇ ਆਨ-ਲਾਈਨ ਘੋਸ਼ਿਤ ਕੀਤੇ ਜਾਂਦੇ ਹਨ ਅਤੇ ਮੁਲਾਂਕਣ ਲਈ ਓ.ਐਮ.ਆਰ. ਸ਼ੀਟਸ ਦੀ ਵਰਤੋਂ ਕੀਤੀ ਜਾਂਦੀ ਹੈ ।

ਯੂਨੀਵਰਸਿਟੀ ਨੂੰ ਇਹ ਮਾਣ ਹਾਸਲ ਹੈ ਕਿ ਇਸ ਨੇ ਖੇਡਾਂ ਦੇ ਖੇਤਰ ਵਿਚ 21 ਵਾਰ ਮੌਲਾਨਾ ਅਬੁਲ ਕਲਾਮ ਟਰਾਫੀ ਜਿੱਤੀ ਹੈ। ਹਾਕੀ ਗਰਾਉਂਡ ਵਿਚ ਨਵੀਂ ਐਸਟਰੋਟਰਫ ਵਿਛਾਈ ਗਈ ਹੈ ਅਤੇ ਫਲੱਡ ਲਾਈਟਾਂ ਲਗਾ ਦਿੱਤੀਆਂ ਗਈਆਂ ਹਨ, ਜਿੰਨਾਂ ਨਾਲ ਡੇ-ਨਾਈਟ ਮੈਚ ਵੀ ਖੇਡੇ ਜਾ ਸਕਦੇ ਹਨ । ਯੂਨੀਵਰਸਿਟੀ ਕੈਂਪਸ ਵਿਖੇ 1.5 ਕਰੋੜ ਰੁਪਏ ਦੀ ਲਾਗਤ ਨਾਲ ਅੰਤਰ-ਰਾਸ਼ਟਰੀ ਮਿਆਰ ਵਾਲੀ ਸਾਈਕਲਿੰਗ ਵੈਲੋਡਰੋਮ ਬਣਾਈ ਗਈ ਹੈ। ਇਥੇ ਅੰਤਰ-ਰਾਸ਼ਟਰੀ ਪੱਧਰ ਦੇ ਸਾਈਕਲਿੰਗ ਮੁਕਾਬਲੇ ਕਰਵਾਏ ਜਾ ਸਕਦੇ ਹਨ। ਇਸ ਵੈਲੋਡਰੋਮ ਨੂੰ ਦੇਸ਼ ਦੀਆਂ 16 ਯੂਨੀਵਰਸਿਟੀਆਂ ਵਿਚੋਂ ਸਭ ਤੋਂ ਵਧੀਆ ਵੈਲੋਡਰੋਮ ਮੰਨਿਆ ਗਿਆ ਹੈ।

ਇਸ ਸਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਸਭਿਆਚਾਰਕ ਗਤੀਵਿਧੀਆਂ ਦੇ ਖੇਤਰ ਵਿਚ ਵੀ ਵੱਡੀਆਂ ਮੱਲਾਂ ਮਾਰੀਆਂ ਹਨ ।ਯੂਨੀਵਰਸਿਟੀ ਨੇ 28ਵੇ ਨਾਰਥ ਜੋਨ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ "ਗੁਲਦਸਤਾ ਯੂਨੀਫੈਸਟ 2012" ਦਾ ਆਯੋਜਨ ਕੀਤਾ ਅਤੇ 11ਵੀਂ ਵਾਰ ਨਾਰਥ ਜੋਨ ਇੰਟਰ-ਯੂਨੀਵਰਸਿਟੀ ਕਲਚਰਲ ਚੈਂਪੀਅਨਸ਼ਿਪ ਜਿੱਤੀ। ਥੀਏਟਰ, ਫਾਈਨ-ਆਰਟਸ, ਡਾਂਸ, ਸਾਹਿਤ ਅਤੇ ਮਿਉਜਿਕ ਦੀਆਂ ਟਰਾਫੀਆਂ ਵੀ ਸਭ ਤੋਂ ਵਧੀਆ ਪ੍ਰੋਫਾਰਮੈਂਸ ਕਰਕੇ ਯੂਨੀਵਰਸਿਟੀ ਦੇ ਹਿੱਸੇ ਆਈਆਂ। ਇਸ ਦੇ ਨਾਲ ਹੀ ਯੂਨੀਵਰਸਿਟੀ ਨੇ ਸੱਤ ਵਾਰ ਨੈਸ਼ਨਲ ਕਲਚਰਲ ਚੈਂਪੀਅਨਸ਼ਿਪ ਵੀ ਜਿੱਤੀ ਹੈ।

2012 ਦੇ ਵਰ੍ਹੇ ਦੋਰਾਨ ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਵਲੋਂ 600 ਤੋਂ ਵੱਧ ਵਿਦਿਆਰਥੀ

ਵੱਖ-ਵੱਖ ਕੰਪਨੀਆਂ ਵਿਚ ਭੇਜੇ ਗਏ ਹਨ। 2011-2012 ਵਿਚ 1200 ਦੇ ਕਰੀਬ ਵਿਦਿਆਰਥੀਆਂ ਦੀ ਪਲੇਸਮੈਂਟ ਹੋਈ ਸੀ । ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਦਾਖਲਾ ਦੇਣ ਲਈ ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਪੁਰਾਣੀਆਂ ਇਮਾਰਤਾਂ ਵਿਚ ਹੋਰ ਵਾਧਾ ਕਰਨ ਲਈ ਯੂਨੀਵਰਸਿਟੀ ਕੈਂਪਸ, ਰਿਜ਼ਨਲ ਕੈਂਪਸ ਅਤੇ ਯੂਨੀਵਰਸਿਟੀ ਕਾਲਜਾਂ ਵਿਚ ਬਹੁਤ ਤੇਜ਼ ਗਤੀ ਨਾਲ ਕੰਮ ਚੱਲ ਰਿਹਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਅਕਾਦਮਿਕ ਮਾਹੌਲ ਦਿਨ ਪ੍ਰਤੀਦਿਨ ਲਗਾਤਾਰ ਤਰੱਕੀ ਕਰ ਰਿਹਾ ਹੈ। ਅਧਿਆਪਕਾਂ, ਵਿਦਿਆਰਥੀਆਂ ਅਤੇ ਨਾਨ-ਟੀਚਿੰਗ ਸਟਾਫ ਦੇ ਸਹਿਯੋਗ ਅਤੇ ਸਖਤ ਮਿਹਨਤ ਦੇ ਨਤੀਜੇ ਵਜੋਂ ਯੂਨੀਵਰਸਿਟੀ ਲਗਾਤਾਰ ਤਰੱਕੀ ਵੱਲ ਅੱਗੇ ਵੱਧ ਰਹੀਂ ਹੈ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਨੇ ਦੱਸਿਆ ਕਿ ਇਸ ਵਾਰ ਸਲਾਨਾ ਰਿਪੋਰਟ ਦੀ ਬਣਤਰ ਬਦਲੀ ਗਈ ਹੈ। ਇਹ ਬਹੁਤ ਪਾਰਦਰਸ਼ੀ ਹੈ।ਇਸ ਵਿਚ ਯੂਨੀਵਰਸਿਟੀ ਬਾਰੇ ਸਾਰੀ ਜਾਣਕਾਰੀ ਮੌਜੂਦ ਹੈ। ਉਨ੍ਹਾਂ ਸਲਾਨਾ ਰਿਪੋਰਟ ਦੀ ਬਣਤਰ ਲਈ ਡਾ. ਐਮ.ਐਸ. ਹੁੰਦਲ, ਡੀਨ, ਅਕਾਦਮਿਕ ਮਾਮਲੇ ਦਾ ਧੰਨਵਾਦ ਕੀਤਾ।

ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।

ਸ. ਨਾਨਕ ਸਿੰਘ, ਪ੍ਰਿੰਸੀਪਲ

ਉਨ੍ਹਾਂ ਕਿਹਾ ਕਿ ਇਹ ਯੂਨੀਵਰਸਿਟੀ ਦੀ ਸਭ ਤੋਂ ਵਧੀਆ ਸਲਾਨਾ ਰਿਪੋਰਟ ਹੈ।

ਪ੍ਰਿੰਸੀਪਲ ਜਗਦੀਸ਼ ਸਿੰਘ

ਉਨ੍ਹਾਂ ਕਿਹਾ ਕਿ ਰਜਿਸਟਰਾਰ ਸਾਹਿਬ ਨੇ ਯੂਨੀਵਰਸਿਟੀ ਦੀਆਂ ਵੱਖ-ਵੱਖ ਉਪਲੱਬਧੀਆਂ ਬਾਰੇ ਦੱਸਿਆ ਹੈ। ਪਿਛਲੀਆਂ ਸਲਾਨਾ ਰਿਪੋਰਟਾਂ ਨਾਲੋ ਇਸ ਦੀ ਬਣਤਰ ਬੜੀ ਵਧੀਆ ਹੈ।ਉਨ੍ਹਾਂ ਯੂਨੀਵਰਸਿਟੀ ਦੀ ਵਧੀਆਂ ਸਲਾਨਾ ਰਿਪੋਰਟ ਲਈ ਵਧਾਈ ਦਿੱਤੀ। ਇਹ ਯੂਨੀਵਰਸਿਟੀ ਦੇਸ਼ ਦੀਆਂ 15 ਯੂਨੀਵਰਸਿਟੀਆਂ ਵਿਚੋਂ 11ਵੇਂ ਸਥਾਨ ਤੇ ਹੈ, ਜਿਸ ਨੇ potential for excellence ਦਾ ਦਰਜਾ ਪ੍ਰਾਪਤ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੂਜੀਆਂ ਯੂਨੀਵਰਸਿਟੀਆਂ ਤੋਂ ਕਾਫੀ ਅੱਗੇ ਹੈ।ਪਿਛਲੇ ਕੁਝ ਸਾਲਾ ਤੋਂ ਇਹ ਯੂਨੀਵਰਸਿਟੀ ਕਾਫੀ ਤਰੱਕੀ ਕਰ ਰਹੀ ਹੈ।ਲੜਕੀਆਂ ਅਤੇ ਲੜਕਿਆਂ ਦੀ ਅਨੁਪਾਤ ਯੂਨੀਵਰਸਿਟੀ ਵਿਚ 60:40 ਹੈ। ਭਾਸ਼ਾ ਫੈਕਲਟੀ ਵਿਚ 15% ਲੜਕੇ ਅਤੇ 85% ਲੜਕੀਆਂ ਹਨ। ਆਈ.ਟੀ. ਅਤੇ ਲਾਅ ਫੈਕਲਟੀ ਵਿਚ ਲੜਕਿਆਂ ਦੀ ਗਿਣਤੀ ਜ਼ਿਆਦਾ ਹੈ। ਬੋਟਨੀ ਵਿਚ 5% ਲੜਕੇ ਅਤੇ 95% ਲੜਕੀਆਂ ਹਨ। ਲੜਕੇ ਪੜ੍ਹਾਈ ਵਿਚ ਘੱਟ ਦਿਲਚਸਪੀ ਲੈ ਰਹੇ ਹਨ।ਆਰਟਸ ਵਿਚ ਵੀ ਜ਼ਿਆਦਾ ਲੜਕੀਆਂ ਹਨ। ਸਭ ਤੋਂ ਜ਼ਿਆਦਾ ਬੀ.ਏ. ਦੇ ਵਿਦਿਆਰਥੀ ਹਨ ਅਤੇ ਸਾਇੰਸ ਵਿਚ ਘੱਟ ਹਨ।ਪੇਂਡੂ ਇਲਾਕਿਆਂ ਦੇ ਬੱਚੇ ਅਣਗੌਲੇ ਰਹਿ ਜਾਂਦੇ ਹਨ। ਇਨ੍ਹਾਂ ਬੱਚਿਆਂ ਵੱਲ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ।ਆਮ ਤੋਰ ਤੇ ਬੈਂਕ ਦੀਆਂ ਨੌਕਰੀਆਂ ਦੇ ਟੈਸਟਾਂ ਵਿਚ ਸਧਾਰਾਨ ਗਿਆਨ ਦੇ ਪ੍ਰਸ਼ਨ ਹੁੰਦੇ ਹਨ। ਯੂਨੀਵਰਸਿਟੀ ਨੂੰ ਸਧਾਰਣ ਗਿਆਨ ਲਈ ਸਿਲੈਬਸ ਬਨਾਉਣਾ ਚਾਹੀਦਾ ਹੈ ਤਾਂ ਜੋ ਇਹੋ ਜਿਹੇ ਵਿਦਿਆਰਥੀ ਆਪਣੇ ਜੀਵਨ ਵਿਚ ਕੁਝ ਕਰ ਸਕਣ।ਇਹ ਖੁਸ਼ੀ ਦੀ ਗੱਲ ਹੈ ਕਿ ਯੂਨੀਵਰਸਿਟੀ ਵਿਚ

ਐਜੂਕੇਸ਼ਨ ਵਿਭਾਗ ਖੋਲ੍ਹਿਆ ਗਿਆ ਅਤੇ ਐਮ.ਐਡ. ਕਲਾਸ ਵਿਚ ਵਿਦਿਆਥੀਆਂ ਦੇ ਦਾਖਲੇ ਸ਼ੁਰੂ ਹੋ ਚੁੱਕੇ ਹਨ।ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਐਜੂਕੇਸ਼ਨ ਵਿਭਾਗ ਖੋਲ੍ਹਣ ਲਈ ਦਿਲੋਂ ਵਧਾਈ ਦਿੱਤੀ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਐਜੂਕੇਸ਼ਨ ਵਿਭਾਗ ਦੇ ਸਾਰੇ ਵਿਦਿਆਰਥੀ J.R.F. ਅਤੇ N.E.T ਪਾਸ ਹਨ।ਇਸ ਵਿਭਾਗ ਵਿਚ ਸਟਾਫ ਦੀ ਕਮੀ ਹੈ। ਐਜੂਕੇਸ਼ਨ ਵਿਭਾਗ ਲਈ ਪ੍ਰੋਫੈਸਰਜ਼ ਅਤੇ ਅਸਿਸਟੈਂਟ ਪ੍ਰੋਫੈਸਰਜ਼ ਦੀਆਂ ਅਸਾਮੀਆਂ ਲਈ ਦੋ ਵਾਰ ਇਸ਼ਤਿਹਾਰ ਦੇਣ ਦੇ ਬਾਵਜੂਦ ਵੀ ਯੋਗ ਉਮੀਦਵਾਰ ਨਹੀਂ ਮਿਲੇ।

ਡਾ. ਡੀ.ਐਨ. ਜੌਹਰ

ਉਨ੍ਹਾਂ ਕਿਹਾ ਕਿ ਮਾਕਾ ਟਰਾਫੀ 1956 ਤੋਂ ਪਰਦਾਨ ਕਰਨੀ ਸ਼ੁਰੂ ਹੋਈ ਸੀ।ਇਹ ਟਰਾਫੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ 16 ਵਾਰ ਉਸ ਸਮੇਂ ਜਿੱਤੀ ਸੀ, ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੋਂਦ ਵਿਚ ਨਹੀਂ ਸੀ।ਦਿੱਲੀ ਯੂਨੀਵਰਸਿਟੀ ਨੇ 13-14 ਵਾਰ, ਪੰਜਾਬੀ ਯੂਨੀਵਰਿਸਟੀ, ਪਟਿਆਲਾ ਨੇ 2 ਵਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 22ਵੀਂ ਵਾਰ ਪ੍ਰਾਪਤ ਕਰਨ ਜਾ ਰਹੀ ਹੈ। ਭਾਰਤ ਵਿਚ 400 ਯੂਨੀਵਰਸਿਟੀਆਂ ਹਨ, ਪਰ ਇਹ ਮਾਣ ਚਾਰ ਯੂਨੀਵਰਸਿਟੀਆਂ ਤੱਕ ਸੀਮਤ ਹੈ।ਸਾਨੂੰ ਇਸ ਯੂਨੀਵਰਸਿਟੀ ਤੇ ਮਾਣ ਹੈ।ਉਨ੍ਹਾਂ ਮਾਕਾ ਟਰਾਫੀ ਜਿੱਤਣ ਤੇ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।

ਡਾ. ਐਸ.ਐਸ. ਜੌਹਲ

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਲਾਨਾ ਰਿਪੋਰਟ ਬਹੁਤ ਵਧੀਆ ਹੈ।ਇਸ ਯੂਨੀਵਰਸਿਟੀ ਦਾ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਭਾਵ ਬਹੁਤ ਵਧੀਆ ਹੈ। ਉਨ੍ਹਾਂ ਕਿਹਾ ਕਿ ਵਿਭਾਗਾਂ ਵਿਚ ਖੋਜ ਨੂੰ ਵਧੇਰੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇੱਛਾ ਜ਼ਾਹਿਰ ਕੀਤੀ ਕਿ ਇਸ ਰਿਪੋਰਟ ਦੀ ਸਾਫਟ ਕਾਪੀ ਵੀ ਮੈਂਬਰਾਂ ਨੂੰ ਭੇਜੀ ਜਾਵੇ ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਸਲਾਨਾ ਰਿਪੋਰਟ ਦੀ ਸਾਫਟ ਕਾਪੀ ਇੰਟਰਨੈਟ ਉਤੇ ਪਾ ਦਿੱਤੀ ਜਾਵੇਗੀ।

ਡਾ. ਐਸ.ਐਸ. ਜੌਹਲ

ਉਨ੍ਹਾਂ ਯੂਨੀਵਰਸਿਟੀ ਵਿਖੇ ਐਜੂਕੇਸ਼ਨ ਵਿਭਾਗ ਖੋਲ੍ਹਣ ਲਈ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀ ਭਰਤੀ ਸਮੇਂ API ਸਕੋਰ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਜਦੋਂ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਪ-ਕੁਲਪਤੀ ਸਨ ਤਾਂ ਸਿੱਖਿਆ ਦਾ ਮਿਆਰ ਬਹੁਤ ਵਧੀਆ ਸੀ। ਕਈ ਵਾਰ ਅਧਿਅਪਕ ਉਹੋ ਜਿਹੇ ਨਹੀਂ ਮਿਲਦੇ ਜਿਹੋ ਜਿਹੇ ਅਸੀਂ ਚਾਹੁੰਦੇ ਹਾਂ।ਜਿਹੜੇ ਅਧਿਆਪਕਾਂ ਦਾ API ਸਕੋਰ ਵਧੀਆ ਹੁੰਦਾ ਹੈ, ਜ਼ਰੂਰੀ ਨਹੀਂ ਕਿ ਉਹ ਵਧੀਆ ਅਧਿਆਪਕ ਹੋਣ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਦੱਸਿਆ ਕਿ API ਸਕੋਰ ਕੇਵਲ ਸਕਰੀਨਿੰਗ ਦੇ ਮੰਤਵ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵੇਰਕਾ ਕਾਲਜ ਪੇਂਡੂ ਇਲਾਕੇ ਵਿਚ ਹੈ। ਇਸ ਕਾਲਜ ਵਿਖੇ 65% ਪੇਂਡੂ ਵਿਦਿਆਰਥੀ ਦਾਖਲ ਕੀਤੇ ਗਏ ਹਨ। ਕਾਲਜ ਨੂੰ ਟਰਾਂਸਪੋਰਟ ਆਦਿ ਦੀਆਂ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 80% ਪੇਂਡੂ ਇਲਾਕੇ ਦੇ ਵਿਦਿਆਰਥੀ ਇਸ ਸਮੇਂ ਖਾਲਸਾ ਕਾਲਜ ਪਬਲਿਕ ਸਕੂਲ ਵਿਚ ਪੜ੍ਹ ਰਹੇ ਹਨ।

ਡਾ. ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪਛੜੇ ਇਲਾਕਿਆਂ ਵਿਚੋਂ ਪੜ੍ਹਾਈ ਕਰਕੇ ਆਉਂਦੇ ਹਨ, ਉਨ੍ਹਾਂ ਨੂੰ ਪਛੜੇ ਇਲਾਕਿਆ ਵਿਚੋਂ ਪੜ੍ਹਾਈ ਕਰਨ ਸਬੰਧੀ ਉਥੋਂ ਦੇ ਪ੍ਰਿੰਸੀਪਲਾਂ/ਐਸ.ਡੀ.ਐਮ. ਕੋਲੋ ਤਸਦੀਕ ਕਰਵਾ ਕੇ ਲਿਆਉਣ ਉਪਰੰਤ ਹੀ ਦਾਖਲਾ ਦਿੱਤਾ ਜਾਣਾ ਚਾਹੀਦਾ ਹੈ।

ਡਾ. ਐਸ.ਐਸ. ਜੋਹਲ

ਉਨ੍ਹਾਂ ਕਿਹਾ ਕਿ ਜਦੋਂ ਉਹ ਪਲਾਨਿੰਗ ਦੇ ਇੰਚਾਰਜ ਸਨ, ਉਦੋਂ ਜਿਹੜੇ ਕਾਲਜ ਪੰਚਾਇਤ ਅਧੀਨ ਸਨ ਉਨ੍ਹਾਂ ਨੂੰ ਪੇਂਡੂ ਇਲਾਕੇ ਦੇ ਕਾਲਜਾਂ ਵਿਚ ਰੱਖਿਆ ਜਾਂਦਾ ਸੀ।ਮਿਊਨਿਸਪਲ ਕਾਰਪੋਰੇਸ਼ਨ ਦੇ ਸਕੂਲ ਪੇਂਡੂ ਇਲਾਕਿਆਂ ਵਿਚ ਨਹੀਂ ਆਉਂਦੇ। ਇਹ ਪਤਾ ਕਰਨਾ ਚਾਹੀਦਾ ਹੈ ਕਿ ਕਿੰਨੇ ਵਿਦਿਆਰਥੀ ਪਿੰਡਾਂ ਤੋਂ ਅਤੇ ਕਿੰਨੇ ਵਿਦਿਆਰਥੀ ਸ਼ਹਿਰਾਂ ਤੋਂ ਹਨ।

ਡਾ. ਡੀ.ਐਨ. ਜੌਹਰ

ਉਨ੍ਹਾਂ ਕਿਹਾ ਕਿ ਜਿਹੜੇ ਇਲਾਕੇ ਗ੍ਰਾਮ ਪੰਚਾਇਤ ਦੇ ਅਧੀਨ ਆਉਂਦੇ ਹਨ ਉਨ੍ਹਾਂ ਨੂੰ ਹੀ ਰੂਰਲ ਮੰਨਿਆ ਜਾਂਦਾ ਹੈ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਅਜਿਹੇ ਕਦਮ ਉਠਾ ਰਹੀ ਹੈ, ਜਿਸ ਨਾਲ ਅਜਿਹੀ ਖੋਜ ਕੀਤੀ ਜਾ ਸਕੇ ਜੋ ਰੋਜ਼ਮਰਾ ਦੀ ਜਿੰਦਗੀ ਵਿਚ ਲਾਭਦਾਇਕ ਹੋ ਸਕੇ। Fermentation, waste agricultural products, chemical sewarage water treatment plant ਆਦਿ ਖੋਜ ਕਾਰਜ ਯੂਨੀਵਰਸਿਟੀ ਆਪਣੇ ਅਧੀਨ ਲਵੇਗੀ।ਯੂਨੀਵਰਸਿਟੀ ਵੱਲੋਂ ਇਸ ਸਬੰਧੀ ਫੰਡ ਆਪ ਪੈਦਾ ਕੀਤੇ ਜਾਣਗੇ। ਸਾਨੂੰ ਅਜਿਹੀ ਖੋਜ ਕਰਨੀ ਚਾਹੀਦੀ ਹੈ ਜਿਹੜੀ ਸਮਾਜ ਦੀ ਵਰਤੋਂ ਲਈ ਲਾਭਦਾਇਕ ਹੋ ਸਕੇ।

ਸ਼੍ਰੀਮਤੀ ਰਵਨੀਤ ਕੌਰ, ਪ੍ਰਿੰਸੀਪਲ ਸਕੱਤਰ

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਹੈ ਕਿ ਇਸ ਯੂਨੀਵਰਸਿਟੀ ਨੂੰ ਯੂ.ਜੀ.ਸੀ. ਵੱਲੋਂ potential for excellence ਦਾ ਦਰਜਾ ਦਿੱਤਾ ਗਿਆ ਹੈ।ਇਹ ਪੰਜਾਬ ਦੀ ਸਭ ਤੋਂ ਵਧੀਆ ਯੂਨੀਵਰਸਿਟੀ ਹੈ।ਉਨ੍ਹਾਂ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ ।ਇਹ ਬੜੇ ਮਾਣ ਦੀ ਗੱਲ ਹੈ ਕਿ ਯੂਨੀਵਰਸਿਟੀ ਨੂੰ 22ਵੀਂ ਵਾਰ ਮਾਕਾ ਟਰਾਫੀ ਮਿਲੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਕੈਂਪਸ ਵਿਖੇ ਇਕ ਨਵਾਂ ਮਾਡਲ ਸਕੂਲ ਸਥਾਪਤ ਕੀਤਾ ਜਾ ਰਿਹਾ ਹੈ।ਅਕਾਦਮਿਕ ਅਤੇ ਪ੍ਰਬੰਧਕੀ ਸੁਧਾਰ ਕੀਤੇ ਜਾਣੇ ਚਾਹੀਦੇ ਹਨ। ਯੂਨੀਵਰਸਿਟੀ ਵਿਚ ਸਮੈਸਟਰ ਸਿਸਟਮ ਲਾਗੂ ਕੀਤਾ ਗਿਆ ਹੈ।ਇਹ ਕਾਲਜਾਂ ਵਿਚ ਵੀ ਲਾਗੂ ਹੋਣਾ ਚਾਹੀਦਾ ਹੈ। API ਸ਼ੁਰੂ ਹੋ ਚੁੱਕਾ ਹੈ।ਅਧਿਆਪਕਾਂ ਨੂੰ ਕਲਾਸਾਂ ਲਗਾਉਣ ਤੋਂ ਇਲਾਵਾ ਹੋਰ ਕਾਰਜਾਂ (curicular activities) ਤੇ ਵੀ ਧਿਆਨ ਦੇਣਾ ਚਾਹੀਦਾ ਹੈ। ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਸ਼ਖਸ਼ੀਅਤ ਦੇ ਵਿਕਾਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸਧਾਰਨ ਗਿਆਨ (general knowledge) ਵਧਾਉਣਾ ਚਾਹੀਦਾ ਹੈ। ਬੱਚਿਆਂ ਦੀ ਸ਼ਖਸ਼ੀਅਤ (personality) ਦਾ ਵਿਕਾਸ

90% ਜਾਂ 95% ਨੰਬਰ ਲੈਣ ਨਾਲ ਨਹੀਂ, ਸਗੋਂ ਵਾਧੂ curricular activities ਨਾਲ ਹੀ ਹੋ ਸਕਦਾ ਹੈ। ਮੁਖ ਮੰਤਰੀ ਸਾਹਿਬ ਚਾਹੁੰਦੇ ਹਨ ਕਿ ਸਾਡੇ ਇੰਸਟੀਚਿਊਟਸ ਨੂੰ ਸੈਂਟਰ ਫਾਰ ਐਕਸੀਲੈਂਸ ਦਾ ਦਰਜਾ ਮਿਲ ਸਕੇ। ਯੂਨੀਵਰਸਿਟੀ ਨੇ ਇਸ ਸਬੰਧੀ ਸ਼ੁਰੂਆਤ ਕੀਤੀ ਅਤੇ ਗਿਆਰਵਾਂ ਸਥਾਨ ਪ੍ਰਾਪਤ ਕੀਤਾ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਸਾਹਿਬ ਪਿੰਡਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਲੈ ਕੇ ਬੜੇ ਚਿੰਤਤ ਹਨ।ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਇਕ ਸਰਵੇ ਦੌਰਾਨ ਵਾਚਿਆ ਕਿ ਪੇਂਡੂ ਇਲਾਕਿਆਂ ਦੇ 3500 ਗਰੀਬ ਬੱਚਿਆਂ ਨੇ 80% ਅੰਕ ਪ੍ਰਾਪਤ ਕੀਤੇ ਹਨ।ਪੰਜਾਬ ਸਰਕਾਰ ਚਾਹੁੰਦੀ ਹੈ ਕਿ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਮੋਹਾਲੀ ਅਤੇ ਬਠਿੰਡਾ ਦੇ ਪਿੰਡਾਂ ਦੇ 500-500 ਬੱਚੇ ਹਰ ਸੈਂਟਰ ਵਿਚ ਲਏ ਜਾਣ। ਇਨ੍ਹਾਂ ਬੱਚਿਆਂ ਦੀ ਰਿਹਾਇਸ਼ ਅਤੇ ਪੜ੍ਹਾਈ ਦਾ ਸਾਰਾ ਖਰਚਾ ਪੰਜਾਬ ਸਰਕਾਰ ਕਰੇਗੀ।

ਸ਼੍ਰੀਮਤੀ ਰਵਨੀਤ ਕੌਰ, ਪ੍ਰਿੰਸੀਪਲ ਸਕੱਤਰ

ਉਨ੍ਹਾਂ ਕਿਹਾ ਕਿ ਪੇਂਡੂ ਇਲਾਕਿਆਂ ਦੇ ਗਿਆਰਵੀਂ ਅਤੇ ਬਾਹਰਵੀਂ ਕਲਾਸ ਦੇ ਲਾਇਕ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀ ਸਿੱਖਿਆ ਦੇਣੀ ਚਾਹੀਦੀ ਹੈ ਜਿਸ ਨਾਲ ਉਹ ਆਪਣੇ ਜੀਵਨ ਵਿਚ ਹੋਰ ਅੱਗੇ ਵਧ ਸਕਣ ਅਤੇ ਇੰਜੀਨੀਅਰਿੰਗ ਅਤੇ ਮੈਡੀਕਲ ਕਾਲਜਾਂ ਵਿਚ ਦਾਖਲਾ ਲੈ ਸਕਣ। ਇਸ ਸਕੀਮ ਵਿਚ ਉਹ ਵਿਦਿਆਰਥੀ ਲਏ ਜਾਣਗੇ, ਜਿਨ੍ਹਾਂ ਦੇ 80% ਤੋਂ ਵੱਧ ਅੰਕ ਹੋਣਗੇ।

ਡਾ. ਐਸ. ਐਸ. ਜੋਹਲ

ਉਨ੍ਹਾਂ ਸ਼੍ਰੀਮਤੀ ਰਵਨੀਤ ਕੌਰ,ਪ੍ਰਿੰਸੀਪਲ ਸਕੱਤਰ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਇਕ ਵਧੀਆ ਪ੍ਰੋਗਰਾਮ ਹੈ।ਇਸ ਲਈ ਉਹ ਪੰਜਾਬ ਸਰਕਾਰ ਨੂੰ ਵਧਾਈ ਦੇਣਾ ਚਾਹੁੰਦੇ ਹਨ।ਪੇਂਡੂ ਇਲਾਕਿਆਂ ਦੇ ਗਰੀਬ ਪ੍ਰੰਤੂ ਹੁਸ਼ਿਆਰ ਵਿਦਿਆਥੀਆਂ ਲਈ ਵੱਖਰੇ ਸਕੂਲ ਖੋਲ੍ਹ ਕੇ ਉਨ੍ਹਾਂ ਨੂੰ ਮਿਆਰੀ ਸਿੱਖਿਆ ਅਤੇ ਕੋਚਿੰਗ ਦੇਣੀ ਚਾਹੀਦੀ ਹੈ ਤਾਂ ਜੋ ਉਹ ਉਚੇਰੀ ਸਿੱਖਿਆ ਲਈ ਇੰਜੀਨੀਅਰਿੰਗ ਅਤੇ ਮੈਡੀਕਲ ਆਦਿ ਕਾਲਜਾਂ ਵਿਚ ਦਾਖਲਾ ਲੈ ਸਕਣ ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 2009 ਵਿਚ ਇਹ ਯੂਨੀਵਰਸਿਟੀ ਜਾਇਨ ਕੀਤੀ। 2010 ਵਿਚ ਮਾਨਯੋਗ ਮੁਖ ਮੰਤਰੀ, ਪੰਜਾਬ ਜੀ ਦੀ ਪ੍ਰੇਰਣਾ ਸਦਕਾ ਆਰਥਿਕ ਤੌਰ ਤੇ ਪਛੜੇ ਪ੍ਰੰਤੂ ਹੁਸ਼ਿਆਰ 50 ਪੇਂਡੂ ਵਿਦਿਆਰਥੀਆਂ ਨੂੰ ਮੈਰਿਟ ਦੇ ਅਧਾਰ 'ਤੇ ਖਾਲਸਾ ਕਾਲਜ ਪਬਲਿਕ ਸਕੂਲ, ਅੰਮ੍ਰਿਤਸਰ ਵਿਚ +1 ਕਲਾਸ ਵਿਚ ਦਾਖਲ ਕੀਤਾ ਗਿਆ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ਮੁਫਤ ਰਿਹਾਇਸ਼, ਖਾਣਾ ਅਤੇ ਕਿਤਾਬਾਂ ਆਦਿ ਦੀ ਸਹੂਲਤ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਉਹ IIT ਅਤੇ AIEEE ਵਿਚ ਦਾਖਲੇ ਲੈ ਸਕਣ। 2012 ਵਿਚ +2 ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਵਿਚੋਂ 2 ਵਿਦਿਆਰਥੀਆਂ ਨੇ ਆਈ.ਆਈ.ਟੀ. ਵਿਚ ਦਾਖਲੇ ਲਈ qualify ਕੀਤਾ। 38 ਵਿਦਿਆਰਥੀਆਂ ਨੇ ਪ੍ਰੋਫੈਸ਼ਨਲ ਕਾਲਜਾਂ ਵਿਚ ਅਤੇ ਕੁਝ ਵਿਦਿਆਰਥੀਆਂ ਨੇ ਇਸ ਯੂਨੀਵਰਸਿਟੀ ਵਿਚ ਦਾਖਲਾ ਲਿਆ ਹੈ। +2 ਵਿਚੋਂ ਪਹਿਲੇ ਸਥਾਨ ਤੇ ਆਉਣ ਵਾਲੀ ਲੜਕੀ ਨੇ DST ਭਾਰਤ ਸਰਕਾਰ ਵੱਲੋਂ inspire felloship ਵਜੋਂ 4 ਲੱਖ ਰੁਪਏ ਪ੍ਰਾਪਤ ਕੀਤੇ।

ਨਿਸ਼ਠਾ ਮਹਿਰਾ

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਚ ਸਿਰਫ ਪ੍ਰੋਫੈਸ਼ਨਲ ਕੋਰਸਾਂ ਦੇ ਵਿਦਿਆਰਥੀਆਂ ਦੀ ਹੀ ਪਲੇਸਮੈਂਟ ਹੁੰਦੀ ਹੈ। ਦੂਸਰੇ ਕੋਰਸਾਂ ਦੇ ਵਿਦਿਆਰਥੀਆਂ ਦੀ ਪਲੇਸਮੈਂਟ ਵੀ ਹੋਣੀ ਚਾਹੀਦੀ ਹੈ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਸੋਸ਼ਲ ਸਾਇੰਸ ਅਤੇ ਅੰਗਰੇਜ਼ੀ ਵਿਭਾਗ ਵੱਲੋਂ ਵੀ ਪਲੇਸਮੈਂਟ ਕਰਨ ਲਈ ਕਿਹਾ ਗਿਆ ਸੀ। ਇਹ ਕੰਪਨੀਆਂ ਦੀ ਲੋੜ ਉਤੇ ਨਿਰਭਰ ਕਰਦਾ ਹੈ। ਜ਼ਿਆਦਾਤਰ ਕੰਪਨੀਆਂ ਕੰਪਿਊਟਰ ਦੇ ਗਿਆਨ ਵਾਲਾ ਕਰਮਚਾਰੀ ਵਰਗ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਬਾਕੀ ਵਿਸ਼ਿਆ ਵਿਚ ਵੀ ਪਲੇਸਮੈਂਟ ਕਰਵਾਉਣ ਦੀ ਕੋਸ਼ਿਸ ਕਰਾਂਗੇ।

ਡਾ. ਜੇ. ਐਸ. ਢਿੱਲੋਂ

ਉਨ੍ਹਾਂ ਨੇ 22ਵੀਂ ਵਾਰ ਮਾਕਾ ਟਰਾਫੀ ਜਿੱਤਣ ਤੇ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਾਡੀ ਯੂਨੀਵਰਸਿਟੀ ਨਾਲ 5-6 ਜਿਲ੍ਹਿਆਂ ਦੇ ਕਾਲਜ ਸਬੰਧਤ ਹਨ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਬਹੁਤ ਆ ਰਹੀਆਂ ਹਨ।ਕਾਲਜਾਂ ਦੇ ਅਧਿਆਪਕਾਂ ਵਿਚੋਂ ਖੋਜ ਕਰਨ ਲਈ ਸੁਪਰਵਾਈਜ਼ਰ ਗਾਈਡ ਲਗਾਏ ਜਾਣੇ ਚਾਹੀਦੇ ਹਨ।

ਡਾ. ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ Progressive Education Society ਦੇ ਪ੍ਰੋਜੈਕਟ ਅਧੀਨ ਕੇਵਲ ਦੋ ਸਾਲ ਲਈ 50 ਵਿਦਿਆਰਥੀਆਂ ਦੀ ਪੜ੍ਹਾਈ ਦਾ ਖਰਚਾ ਸਹਿਨ ਕਰ ਰਹੀ ਹੈ, ਪ੍ਰੰਤੂ ਉਸ ਤੋਂ ਬਾਅਦ ਇਹਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਦਾ ਖਰਚਾ ਕਰਨ ਵਿਚ ਕਾਫੀ ਮੁਸ਼ਕਿਲ ਪੇਸ਼ ਆਉਂਦੀ ਹੈ। ਜਿਹੜੇ ਬੱਚੇ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਫੀਸ ਨਹੀਂ ਦੇ ਸਕਦੇ, ਉਹਨਾਂ ਨੂੰ ਆਰਥਿਕ ਸਹਾਇਤਾ ਦੇਣੀ ਚਾਹੀਦੀ ਹੈ।

ਸ੍ਰੀ ਕੇ.ਐਸ. ਰੇਖੀ

ਉਨ੍ਹਾਂ ਕਿਹਾ ਕਿ ਗਰੀਬ ਵਿਦਿਆਰਥੀਆਂ ਦੀ ਫੀਸ ਨਹੀਂ ਵਧਾਉਣੀ ਚਾਹੀਦੀ। ਆਮਦਨ ਦਾ 80% ਯੂਨੀਵਰਸਿਟੀ ਵੱਲੋਂ ਆਪਣੇ ਸਾਧਨਾਂ ਰਾਹੀਂ ਪੈਦਾ ਕੀਤਾ ਜਾ ਰਿਹਾ ਹੈ ਅਤੇ ਕੇਵਲ 20% ਗ੍ਰਾਂਟ ਹੀ ਪੰਜਾਬ ਸਰਕਾਰ ਵਲੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨੂੰ ਇਕ ਵਿਭਾਗ ਖੋਲਣਾ ਚਾਹੀਦਾ ਹੈ, ਜਿਹੜਾ ਸਮੇਂ-ਸਮੇਂ ਤੇ ਵੱਖ-ਵੱਖ ਵਿਭਾਗਾਂ ਵਿਚ ਖਾਲੀ ਅਸਾਮੀਆਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਮੁਹੱਈਆ ਕਰਵਾ ਸਕੇ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਚ ਪਹਿਲਾਂ ਹੀ ਇਕ Student Counselling Centre ਚਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਉਨ੍ਹਾਂ ਜਦੋਂ ਇਹ ਯੂਨਵਰਸਿਟੀ ਜਾਇਨ ਕੀਤੀ ਸੀ ਤਾਂ 5 ਕਾਂਸਟੀਚਿਊਐਂਟ ਕਾਲਜ, ਫੱਤੂਢੀਂਗਾਂ ਦੀ 30 ਏਕੜ ਜ਼ਮੀਨ ਸਮੇਤ ਇਸ ਯੂਨੀਵਰਸਿਟੀ ਨੂੰ ਦਿੱਤੇ ਗਏ। 4-5 ਏਕੜ ਜ਼ਮੀਨ ਪੰਜਾਬ ਸਰਕਾਰ ਵੱਲੋਂ ਯੂਨੀਵਰਸਿਟੀ ਕਾਲਜ, ਜਲੰਧਰ ਲਈ ਦਿੱਤੀ ਗਈ। ਪਿਛਲੇ ਚਾਰ ਸਾਲਾਂ ਵਿਚ ਅਸੀਂ

ਪੰਜਾਬ ਸਰਕਾਰ ਕੋਲੋ 100 ਏਕੜ ਜ਼ਮੀਨ ਲਈ ਹੈ।ਉਨ੍ਹਾਂ ਦੀ ਇੱਛਾ ਹੈ ਕਿ ਸਿੱਖਿਆ ਵਿਭਾਗ ਦੀ ਮੰਗ ਅਨੁਸਾਰ ਯੂਨੀਵਰਸਿਟੀ ਵਿਖੇ ਸਕੂਲ ਖੋਲ੍ਹਣ ਲਈ ਪੰਜਾਬ ਸਰਕਾਰ ਨੂੰ ਜ਼ਮੀਨ ਦਿੱਤੀ ਜਾਵੇ।

ਡਾ. ਨੀਨਾ ਰੋਜੀ ਕਾਹਲੋਂ

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਚ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੈਮੀਨਾਰ ਆਯੋਜਿਤ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਕਈ ਮੁੱਖ-ਮਹਿਮਾਨ ਆਉਂਦੇ ਹਨ। ਇਨ੍ਹਾਂ ਸੈਮੀਨਾਰਾਂ ਬਾਰੇ ਸਾਰੇ ਫੈਕਲਟੀ ਮੈਂਬਰਾਂ ਨੂੰ ਸੂਚਨਾ ਭੇਜੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਵੀ ਇਨ੍ਹਾਂ ਸੈਮੀਨਾਰਾਂ ਰਾਹੀਂ ਆਪਣੇ ਗਿਆਨ ਅਤੇ ਤਜਰਬੇ ਵਿਚ ਵਾਧਾ ਕਰ ਸਕਣ। ਉਪ-ਕੁਲਪਤੀ ਸਾਹਿਬ ਨੇ ਭਰੋਸਾ ਦਿਵਾਇਆ ਕਿ ਉਹ ਇਸ ਸਬੰਧੀ ਕਾਰਵਾਰੀ ਜਰੂਰ ਕਰਨਗੇ।

**ਪਾਸ ਹੋਇਆ** ਕਿ ਸਾਲ 2012 ਲਈ ਯੂਨੀਵਰਸਿਟੀ ਦੀ 43ਵੀਂ ਸਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

**ਸੈਸ਼ਨ 2013-14 ਤੋਂ M.Tech. (Communication Systems) ਕੋਰਸ ਦਾ ਨਾਮ ਬਦਲ ਕੇ M.Tech. (Electronics & Communication Engg.) Specialization (Communication Systems) ਰੱਖਣ ਦੀ ਪਰਵਾਨਗੀ।**

5. ਸਿੰਡੀਕੇਟ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2013-14 ਤੋਂ M.Tech. (Communication Systems) ਕੋਰਸ ਦਾ ਨਾਮ ਬਦਲ ਕੇ M.Tech. (Electronics & Communication Engg.) Specialization (Communication Systems) ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ **ਨੋਟ ਕੀਤਾ** ਕਿ ਉਕਤ nomenclature ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਕੋਰਸ 'ਤੇ ਲਾਗੂ ਹੋਵੇਗਾ।

(ਸਿੰਡੀਕੇਟ ਪੈਰਾ 18 ਮਿਤੀ 18.5.2013)

ਉਪ-ਕੁਲਪਤੀ ਸਾਹਿਬ ਦਾ ਬਿਆਨ।

6. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਯੂਨੀਵਰਸਿਟੀ ਨੇ ਰਿਕਾਰਡ 22ਵੀਂ ਵਾਰ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ ਸਾਲ 2010-11 ਲਈ ਜਿੱਤ ਲਈ ਹੈ, ਜੋ ਕਿ 31 ਅਗਸਤ, 2013 ਨੂੰ ਭਾਰਤ ਦੇ ਰਾਸ਼ਟਰਪਤੀ ਵਲੋਂ ਪ੍ਰਦਾਨ ਕੀਤੀ ਜਾਵੇਗੀ। ਸਾਲ 2012-13 ਲਈ ਯੂਨੀਵਰਸਿਟੀ ਆਲ ਇੰਡੀਆ ਪੱਧਰ 'ਤੇ 12ਵੀਂ ਵਾਰ ਰਨਰ-ਅਪ ਰਹੀ।

2. ਯੂਨੀਵਰਸਿਟੀ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਅਕਾਦਮਿਕ ਸੈਸ਼ਨ 2013-14 ਵਿੱਚ ਯੂਨੀਵਰਸਿਟੀ ਦੇ ਪ੍ਰੋਫੈਸ਼ਨਲ ਕੋਰਸਾਂ ਲਈ ਦਾਖਲੇ ਦੇ ਚਾਹਵਾਨ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਪ੍ਰਮੁੱਖਤਾ ਦਿੱਤੀ। ਯੂਨੀਵਰਸਿਟੀ ਕੈਂਪਸ ਵਿਚ ਐਜੂਕੇਸ਼ਨ ਵਿਭਾਗ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਅਕਾਦਮਿਕ ਸੈਸ਼ਨ ਤੋਂ ਐਮ.ਐਡ. ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ।

3. ਯੂਨੀਵਰਸਿਟੀ ਦੀਆਂ ਵਿਦਿਅਕ ਅਤੇ ਪ੍ਰਬੰਧਕੀ ਸ਼ਾਖਾਵਾਂ ਦੇ ਕੰਮਾਂ ਨੂੰ ਕੰਪਿਊਟਰਾਈਜ਼ਡ ਕਰਨ ਵਾਸਤੇ Infinite Computer Solutions (India) Limited ਦੇ ਸਹਿਯੋਗ ਨਾਲ ERP (Enterprises Resource Planning )Solution ਲਾਗੂ ਕੀਤਾ ਜਾ ਰਿਹਾ ਹੈ।

4. ਇਸ ਅਕਾਦਮਿਕ ਸੈਸ਼ਨ ਤੋਂ ਲੜਕੀਆਂ ਲਈ ਇਕ ਹੋਰ ਹੋਸਟਲ ਤਿਆਰ ਹੋ ਗਿਆ ਹੈ ਜਿਸ ਦੀ ਅਲਾਟਮੈਂਟ ਸ਼ੁਰੂ ਕਰ ਦਿੱਤੀ ਗਈ ਹੈ।

5. ਯੂਨੀਵਰਸਿਟੀ ਨੂੰ 12ਵੇਂ ਪਲਾਨ ਅਧੀਨ ਯੂ.ਜੀ.ਸੀ. ਵਲੋਂ 26.31 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ 10.00 ਕੋਰੜ ਰੁਪਏ ਦੀ ਹੋਰ ਗ੍ਰਾਂਟ ਨਾਨ ਨੈੱਟ ਫੈਲੋਸ਼ਿਪ ਲਈ ਵੀ ਮਿਲੇਗੀ।

6. ਪ੍ਰੋਫੈਸਰ ਦਲਬੀਰ ਸਿੰਘ ਸੋਗੀ, ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਨੂੰ ਮਨਿਸਟਰੀ ਆਫ ਸਾਇੰਸ ਐਂਡ ਟੈਕਨਾਲੋਜੀ, ਭਾਰਤ ਸਰਕਾਰ ਵਲੋਂ ਉੱਤਰ ਭਾਰਤ ਵਿਚ ਖਾਦ-ਪਦਾਰਥਾਂ ਦੇ ਨਾਲ ਹੋਣ ਵਾਲੇ ਸਲਾਇਕਾ ਰੋਗਾਂ ਨਾਲ ਪੀੜਤ ਮਰੀਜਾਂ ਬਾਰੇ ਅਧਿਐਨ ਕਰਨ ਵਾਸਤੇ ਰਿਸਰਚ ਪ੍ਰੋਜੈਕਟ ਲਈ 42.5 ਲੱਖ ਦੀ ਗ੍ਰਾਂਟ ਮੰਜੂਰ ਹੋਈ ਹੈ।

7. ਗੁਰੂ ਨਾਨਕ ਸਟੱਡੀਜ਼ ਵਿਭਾਗ ਵੱਲੋਂ DRS-I ਸਕੀਮ ਨੂੰ ਸਫਲਤਾਪੂਰਵਕ ਲਾਗੂ ਕਰਨ ਤੇ ਯੂ.ਜੀ.ਸੀ. ਵਲੋਂ ਰਿਵੀਊ ਕਰਨ ਤੋਂ ਬਾਅਦ ਇਸ ਸਕੀਮ ਨੂੰ DRS-II ਵਿਚ upgrade ਕਰਨ ਅਤੇ ਵਿਭਾਗ ਨੂੰ 60.00 ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

8. ਮਾਈਕ੍ਰੋਬਿਆਲੋਜੀ ਵਿਭਾਗ ਵਲੋਂ DRS-I ਸਕੀਮ ਨੂੰ ਸਫਲਤਾਪੂਰਵਕ ਲਾਗੂ ਕਰਨ ਤੇ ਯੂ.ਜੀ.ਸੀ. ਵਲੋਂ ਰਿਵੀਊ ਕਰਨ ਤੋਂ ਬਾਅਦ ਇਸ ਸਕੀਮ ਨੂੰ DRS-II ਵਿਚ upgrade ਕਰਨ ਅਤੇ ਵਿਭਾਗ ਨੂੰ 54.00 ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

9. ਯੂ.ਜੀ.ਸੀ. ਨੇ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਅਤੇ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਵਿਭਾਗ ਨੂੰ DRS-I ਸਕੀਮ ਲਈ ਮੰਜੂਰੀ ਦਿੱਤੀ ਹੈ, ਜਿਸ ਤਹਿਤ ਇਨ੍ਹਾਂ ਵਿਭਾਗਾਂ ਨੂੰ ਕ੍ਰਮਵਾਰ 56.00 ਲੱਖ ਰੁਪਏ ਅਤੇ 47.90 ਲੱਖ ਰੁਪਏ ਦੀ ਗ੍ਰਾਂਟ ਦੀ ਪ੍ਰਵਾਨਗੀ ਦਿੱਤੀ ਹੈ।

10. ਪ੍ਰੋਫੈਸਰ ਆਰ.ਕੇ. ਮਹਾਜਨ, ਕੈਮਿਸਟਰੀ ਵਿਭਾਗ ਨੂੰ ਉਨ੍ਹਾਂ ਵੱਲੋਂ ਕੈਮਿਸਟਰੀ ਦੇ ਖੇਤਰ ਵਿਚ ਪਾਏ ਵੱਡਮੁੱਲੇ ਯੋਗਦਾਨ ਸਦਕਾ Chemical Research Society of India ਵਲੋਂ CRSI Bronze Medal ਲਈ ਚੁਣਿਆ ਗਿਆ ਹੈ ਜੋ ਕਿ ਉਨ੍ਹਾਂ ਨੂੰ ਇੰਡੀਅਨ

ਇੰਸਟੀਚਿਊਟ ਆਫ ਟੈਕਨਾਲੋਜੀ, ਮੁੰਬਈ ਵਿਖੇ 6-9 ਫਰਵਰੀ, 2014 ਨੂੰ ਪ੍ਰਦਾਨ ਕੀਤਾ ਜਾਵੇਗਾ।

11. ਡਾ. ਪਰਮਜੀਤ ਸਿੰਘ ਜੱਜ, ਪ੍ਰੋਫੈਸਰ, ਸੋਸ਼ਿਆਲੋਜੀ ਵਿਭਾਗ ਨੂੰ Indian Council of Social Science Research, Ministry of Human Resource Development, Govt. of India, New Delhi ਵਲੋਂ Dr. B.R. Ambedkar National Fellowship (for Studies in Social Justice) ਪ੍ਰਦਾਨ ਕੀਤੀ ਗਈ ਹੈ।

12. ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਦੇ ਪ੍ਰੋਫੈਸਰ ਏ.ਕੇ. ਠੁਕਰਾਲ International Association of Computer Science and Information Technology (IACSIT), Singapore ਦੇ ਫੈਲੋ ਚੁਣੇ ਗਏ।

13. ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਦੇ ਪ੍ਰੋਫੈਸਰ ਰੇਨੂੰ ਭਾਰਦਵਾਜ ਨੂੰ The Linnean Society of London ਵੱਲੋਂ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਹੈ। ਏਸੇ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਸਤਵਿੰਦਰ ਕੌਰ ਨੂੰ ਭਾਰਤ ਸਰਕਾਰ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਡੀ.ਬੀ.ਟੀ. ਕਰੈਸਟ ਫੈਲੋਸ਼ਿਪ ਨਾਲ ਸਨਮਾਨਿਤ ਕੀਤਾ ਗਿਆ ਹੈ।

14. ਪੰਜਾਬੀ ਅਧਿਐਨ ਸਕੂਲ ਦੇ ਮੁਖੀ ਪ੍ਰੋਫੈਸਰ ਸੁਖਦੇਵ ਸਿੰਘ ਖਾਹਰਾ ਨੂੰ ਪੰਜਾਬੀ ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਡਾ. ਰਵੀ ਮੈਮੋਰੀਅਲ ਟ੍ਰੱਸਟ, ਪਟਿਆਲਾ ਵੱਲੋਂ ਡਾ. ਰਵੀ ਯਾਦਗਾਰੀ ਪੁਰਸਕਾਰ-2012 ਪ੍ਰਦਾਨ ਕੀਤਾ ਗਿਆ ਹੈ।

15. ਗਣਿਤ ਵਿਭਾਗ ਦੀ ਪ੍ਰੋਫੈਸਰ ਪੰਮੀ ਮਨਚੰਦਾ ਨੇ 10 ਮਈ, 2013 ਨੂੰ ਬੀਜਿੰਗ, ਚੀਨ ਵਿਖੇ ਹੋਈ Industrial and Applied Mathematics Workshop ਵਿਚ ਹਿੱਸਾ ਲਿਆ ਅਤੇ ਖੋਜ- ਪੱਤਰ ਪੜ੍ਹਿਆ।

16. ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਅਮਰਜੀਤ ਸਿੰਘ ਸੇਠੀ ਨੂੰ ਮਿਤੀ 26.7.2013 ਨੂੰ Indian Association for Research in National Income and Wealth, New Delhi ਵਲੋਂ ਹੋਰ ਦੋ ਸਾਲਾਂ ਲਈ Executive Committee ਦਾ ਮੈਂਬਰ ਚੁਣਿਆ ਗਿਆ ਹੈ।

17. ਸ. ਬਲਵਿੰਦਰ ਸਿੰਘ, ਮੁਖੀ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਨੂੰ ਇੰਡੀਅਨ ਇੰਸਟੀਚਿਊਟ ਫਾਰ ਟੈਕਨੀਕਲ ਐਜੂਕੇਸ਼ਨ ਵਲੋਂ ਮਿਤੀ 26.7.2013 ਨੂੰ Best Teacher Award-2013 ਨਾਲ ਸਨਮਾਨਿਤ ਕੀਤਾ ਗਿਆ।

18. ਡਾ. ਜਗਜੀਤ ਕੌਰ, ਡਾਇਰੈਕਟਰ, ਯੁਵਕ ਭਲਾਈ ਨੂੰ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਦੁਆਰਾ ਸਲਾਹਕਾਰ ਬੋਰਡ ਦੇ ਵਿਸ਼ੇਸ਼ ਮੈਂਬਰ ਵਜੋਂ ਤਿੰਨ ਸਾਲਾਂ ਲਈ ਨਾਮਜ਼ਦ ਕੀਤਾ ਹੈ।

19. ਇਲੈਕਟ੍ਰੋਨਿਕਸ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਰਵਿੰਦਰ ਕੁਮਾਰ ਨੇ ਮਿਤੀ 30 ਜੂਨ-5 ਜੁਲਾਈ, 2013 ਨੂੰ ਸਿੰਘਾਪੁਰ ਵਿਖੇ ਅਤੇ 24-26 ਜੁਲਾਈ, 2013 ਨੂੰ ਚੇਨੱਈ ਵਿਖੇ ਹੋਈਆਂ ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਖੋਜ-ਪੱਤਰ ਪੇਸ਼ ਕੀਤੇ।

20. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ Axis Bank ਵਲੋਂ ਐਮ.ਬੀ.ਏ. ਦੇ 36 ਵਿਦਿਆਰਥੀਆਂ ਅਤੇ ਪ੍ਰਸਿੱਧ ਫਾਰਮਾਸੀਊਟੀਕਲ ਕੰਪਨੀ Perkinelmer ਵਲੋਂ ਲਾਈਫ ਸਾਇੰਸਜ਼ ਨਾਲ ਸਬੰਧਤ ਕੋਰਸਾਂ ਦੇ ਦੋ ਵਿਦਿਆਰਥੀਆਂ ਨੂੰ ਰੋਜਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2013 ਦੇ ਕੁਲ 474 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

21. ਅਕਾਦਮਿਕ ਸਟਾਫ ਕਾਲਜ ਵਲੋਂ ਮਿਤੀ 1 ਅਗਸਤ, 2013 ਤੋਂ 28 ਦਿਨਾਂ ਜਨਰਲ ਓਰੀਐਂਟੇਸ਼ਨ ਕੋਰਸ ਦਾ ਆਯੋਜਨ ਕੀਤਾ ਗਿਆ।

22. ਮਿਤੀ 23-28 ਜੁਲਾਈ, 2013 ਨੂੰ ਨਵੀਂ ਦਿੱਲੀ ਵਿਖੇ ਹੋਏ ਫੈਡਰੇਸ਼ਨ ਕੱਪ ਹਾਕੀ (Men) ਟੂਰਨਾਮੈਂਟ ਵਿੱਚ ਹੋਏ ਮੁਕਾਬਲੇ ਵਿੱਚ ਪੰਜਾਬ ਸਟੇਟ ਹਾਕੀ ਦੀ ਟੀਮ, ਜਿਸ ਵਿਚ ਯੂਨੀਵਰਸਿਟੀ ਦੇ ਸੱਤ ਖਿਡਾਰੀ ਸਨ, ਵਿਜੇਤਾ ਰਹੀ। ਪੰਜਾਬ ਸੋਫਟਬਾਲ ਐਸੋਸੀਏਸ਼ਨ ਵਲੋਂ ਯੂਨੀਵਰਸਿਟੀ ਦੇ ਸਹਿਯੋਗ ਨਾਲ ਮਿਤੀ 9-11 ਅਗਸਤ, 2013 ਨੂੰ ਯੂਨੀਵਰਸਿਟੀ ਕੈਂਪਸ ਵਿਖੇ National Federation Cup Softball (M&W) ਆਯੋਜਿਤ ਕੀਤਾ ਗਿਆ, ਜਿਸ ਵਿਚ ਕੁਲ 16 ਟੀਮਾਂ ਨੇ ਹਿੱਸਾ ਲਿਆ। ਪੰਜਾਬ ਸੋਫਟਬਾਲ ਐਸੋਸੀਏਸ਼ਨ ਦੀਆਂ ਦੋਵੇਂ Men ਅਤੇ Women ਟੀਮਾਂ, ਜਿਸ ਵਿਚ ਯੂਨੀਵਰਸਿਟੀ ਦੇ 13 ਪੁਰਸ਼ ਖਿਡਾਰੀਆਂ ਅਤੇ 12 ਮਹਿਲਾ ਖਿਡਾਰੀਆਂ ਨੇ ਹਿੱਸਾ ਲਿਆ, ਵਿਜੇਤਾ ਰਹੀਆਂ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ ‘ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

(ਅ.ਸ. ਬਰਾੜ)
ਉਪ-ਕੁਲਪਤੀ